# ਮਸੀਹੀ ਅਰਾਧਨਾ ਨਾਲ ਜਾਣ-ਪਛਾਣ

## ਇਮਤਿਹਾਨ ਉੱਤਰ ਕੁੰਜੀ

shepherds
GLOBAL CLASSROOM

# ਵਿਸ਼ੇ-ਸੂਚੀ


1. ਅਰਾਧਨਾ ਦੀ ਪਰਿਭਾਸ਼ਾ 4

2. ਪਰਮੇਸ਼ੁਰ ਅਤੇ ਅਰਾਧਕ 6

3. ਪੁਰਾਣੇ ਨੇਮ ਵਿੱਚ ਅਰਾਧਨਾ 7

4. ਨਵੇਂ ਨੇਮ ਵਿੱਚ ਅਰਾਧਨਾ 9

5. ਕਲੀਸੀਆ ਦੇ ਇਤਿਹਾਸ ਵਿੱਚ ਅਰਾਧਨਾ 11

6. ਅਰਾਧਨਾ ਵਿੱਚ ਸੰਗੀਤ 13

7. ਅਰਾਧਨਾ ਵਿੱਚ ਬਚਨ ਅਤੇ ਪ੍ਰਾਰਥਨਾ 15

8. ਯੋਜਨਾ ਅਤੇ ਅਰਾਧਨਾ ਵਿੱਚ ਅਗਵਾਈ 17

9. ਹੋਰ ਸਵਾਲ 19

10. ਅਰਾਧਨਾ ਦੀ ਜੀਵਨ-ਸ਼ੈਲੀ 20

# ਪਾਠ 1

## ਅਰਾਧਨਾ ਦੀ ਪਰਿਭਾਸ਼ਾ

1. ਇਸ ਪਾਠ ਦੇ ਸ਼ੁਰੂ ਵਿੱਚ ਤੁਹਾਨੂੰ ਅਰਾਧਨਾ ਦੀਆਂ ਤਿੰਨ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਸਨ। ਉਹ ਪਰਿਭਾਸ਼ਾ ਲਿਖੋ ਜੋ ਤੁਸੀਂ ਯਾਦ ਕੀਤੀ ਹੈ। (ਕੋਈ ਇੱਕ)

    - ਅਰਾਧਨਾ ਅਨਾਦਿ ਪਰਮੇਸ਼ੁਰ ਪ੍ਰਤੀ ਮਨੁੱਖ ਦੀ ਪਿਆਰ ਭਰੀ ਪ੍ਰਤੀਕਿਰਿਆ ਹੈ।
    - ਪਰਮੇਸ਼ੁਰ ਦੇ ਪ੍ਰਤੀ ਸਵੈ-ਇੱਛਾ ਨਾਲ ਪ੍ਰਤੀਕਿਰਿਆ ਕਰਨ ਵਿੱਚ ਸਾਡੇ ਦਿਲ ਨੂੰ ਉਤਸ਼ਾਹਿਤ ਕਰਨਾ ਹੀ ਅਰਾਧਨਾ ਹੈ।
    - ਅਰਾਧਨਾ ਸਾਡੀ ਸਮੁੱਚੀ ਸ਼ਖਸੀਅਤ ਦਾ ਪਰਮੇਸ਼ੁਰ ਦੀ ਸਮੁੱਚੀ ਸ਼ਖਸੀਅਤ ਨੂੰ ਪ੍ਰਤੀਕਰਮ ਹੈ।

2. ਬਾਈਬਲ ਦੇ ਅਨੁਸਾਰ ਅਰਾਧਨਾ ਦੇ ਚਾਰ ਪਹਿਲੂ ਦੱਸੋ।

    - ਅਰਾਧਨਾ ਆਦਰਪੂਰਨ ਅਧੀਨਗੀ ਹੈ।
    - ਅਰਾਧਨਾ ਬੰਦਗੀ ਹੈ।
    - ਅਰਾਧਨਾ ਉਸਤਤ ਹੈ।
    - ਅਰਾਧਨਾ ਸੰਗਤੀ ਹੈ।
    - ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ।

3. ਜਦੋਂ ਸਾਮਰੀ ਤੀਵੀਂ ਨੇ ਅਰਾਧਨਾ ਦੇ ਭੌਤਿਕ ਸਥਾਨ ਬਾਰੇ ਬਹਿਸ ਕੀਤੀ, ਤਾਂ ਯਿਸੂ ਨੇ ਅਰਾਧਨਾ ਦੇ **ਆਤਮਿਕ** ਸਥਾਨ ਵੱਲ ਇਸ਼ਾਰਾ ਕੀਤਾ।

4. ਜ਼ਬੂਰਾਂ ਵਿੱਚ, ਸ਼ਬਦ ____________ ਅਕਸਰ ਅਰਾਧਨਾ ਦੇ ਅਨੰਦ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

5. ਯਾਕੂਬ ਦੇ ਅਨੁਸਾਰ, ਸ਼ੁੱਧ ਅਤੇ ਨਿਰਮਲ ਅਰਾਧਨਾ ਵਿੱਚ ਕਿਹੜੇ ਦੋ ਪਹਿਲੂ ਸ਼ਾਮਲ ਹਨ?

    - ਵਿਹਾਰਕ ਸੇਵਾ।
    - ਰੋਜ਼ਾਨਾ ਦੀ ਆਗਿਆਕਾਰੀ।

6. ਅਰਾਧਨਾ ਦੇ ਚਾਰ ਮਹੱਤਵਪੂਰਣ ਕਾਰਣ ਦੱਸੋ।

    - ਅਰਾਧਨਾ ਵਿੱਚ ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ।
    - ਅਰਾਧਨਾ ਵਿੱਚ ਅਸੀਂ ਖੁਦ ਨੂੰ ਵੇਖਦੇ ਹਾਂ ਅਤੇ ਬਦਲ ਜਾਂਦੇ ਹਾਂ।
    - ਅਰਾਧਨਾ ਵਿੱਚ ਅਸੀਂ ਆਪਣਾ ਸੰਸਾਰ ਵੇਖਦੇ ਹਾਂ।
    - ਅਰਾਧਨਾ ਕਰਨ ਵਿੱਚ ਸਫ਼ਲ ਨਾ ਹੋਣਾ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ।

7. ਇਸ ਪਾਠ ਦੇ ਅਨੁਸਾਰ, ਉਸ ਅਰਾਧਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਕਿਹੜੀਆਂ ਹਨ ਜਿਹੜੀ ਅਰਾਧਨਾ ਪਰਮੇਸ਼ੁਰ ਸਵੀਕਾਰ ਕਰਦਾ ਹੈ?

    - ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਪਰਮੇਸ਼ੁਰ ਤੇ ਕੇਂਦਰਿਤ ਹੁੰਦੀ ਹੈ।
    - ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਪਰਮੇਸ਼ੁਰ ਨੂੰ ਉਹ ਵਡਿਆਈ ਦਿੰਦੀ ਹੈ ਜਿਸ ਦੇ ਪਰਮੇਸ਼ੁਰ ਯੋਗ ਹੈ।
    - ਸਵੀਕਾਰ ਕੀਤੀ ਜਾਣ ਵਾਲੀ ਅਰਾਧਨਾ ਆਤਮਾ ਅਤੇ ਸਚਿਆਈ ਨਾਲ ਕੀਤੀ ਜਾਣ ਵਾਲੀ ਅਰਾਧਨਾ ਹੈ।

**8.** ਯੂਹੰਨਾ 4:23-24 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 2

## ਪਰਮੇਸ਼ੁਰ ਅਤੇ ਅਰਾਧਕ

**1.** ਤਿੰਨ ਗੱਲਾਂ ਦੱਸੋ ਜਿਹੜੀਆਂ ਅਸੀਂ ਪਰਕਾਸ਼ ਦੀ ਪੋਥੀ 4 ਦੇ ਭਜਨ ਵਿੱਚ ਸਿਰਜਣਹਾਰ ਪਰਮੇਸ਼ੁਰ ਬਾਰੇ ਸਿੱਖਦੇ ਹਾਂ।

- ਸਿਰਜਣਹਾਰ ਸੰਪੂਰਨ ਪ੍ਰਭੁਤਾ ਰੱਖਦਾ ਹੈ।
- ਸਿਰਜਣਹਾਰ ਪਵਿੱਤਰ ਹੈ।
- ਸਿਰਜਣਹਾਰ ਸਦੀਪਕ ਹੈ।

**2.** ਪਰਕਾਸ਼ ਦੀ ਪੋਥੀ 5 ਵਿੱਚ ਮੁਕਤੀਦਾਤਾ ਦੀ ਅਰਾਧਨਾ ਕਰਨ ਦੇ ਤਿੰਨ ਕਾਰਣ ਦੱਸੋ।

- ਅਸੀਂ ਮੁਕਤੀਦਾਤਾ ਦੀ ਅਰਾਧਨਾ ਜੋ ਉਹ ਹੈ ਉਸ ਦੇ ਲਈ ਕਰਦੇ ਹਾਂ।
- ਅਸੀਂ ਮੁਕਤੀਦਾਤਾ ਦੀ ਅਰਾਧਨਾ ਉਸ ਥਾਂ ਦੇ ਲਈ ਕਰਦੇ ਹਾਂ ਜਿੱਥੇ ਉਹ ਹੈ।
- ਅਸੀਂ ਮੁਕਤੀਦਾਤਾ ਨੇ ਜੋ ਕੀਤਾ ਹੈ ਉਸ ਦੇ ਲਈ ਉਸ ਦੀ ਅਰਾਧਨਾ ਕਰਦੇ ਹਾਂ।

**3.** ਮਸੀਹੀ ਲੋਕਾਂ ਲਈ ਪਰਕਾਸ਼ ਦੀ ਪੋਥੀ ਦਾ ਮੁੱਖ ਸੰਦੇਸ਼ ਕੀ ਹੈ?

ਪਰਮੇਸ਼ੁਰ ਦੀ ਸਭ ਤੋਂ ਵਧੀਆ ਜਿੱਤ

**4.** ਜ਼ਬੂਰ 15 ਅਰਾਧਨਾ ਦਾ ਜ਼ਬੂਰ ਹੈ ਜੋ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਤਿੰਨ ਭਾਗ ਦੱਸੋ।

ਸਵਾਲ: ਕੌਣ ਅਰਾਧਨਾ ਕਰ ਸਕਦਾ ਹੈ?
ਉੱਤਰ: ਅਰਾਧਕ ਦਾ ਵਰਣਨ
ਸਮਾਪਤੀ ਨਿਰੀਖਣ: ਅਰਾਧਕ ਦੇ ਲਈ ਵਾਅਦਾ

**5.** ਉਸ ਅਰਾਧਕ ਦਾ ਕੀ ਰਵੱਈਆ ਹੈ ਜੋ ਇਸ ਗੱਲ ਨੂੰ ਸਮਝਦਾ ਹੈ ਕਿ ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਮਹਿਮਾਨ ਹੈ?

ਅਧੀਨਗੀ

**6.** ਜ਼ਬੂਰ 15:2-5 ਵਿੱਚੋਂ ਇੱਕ ਸੱਚੇ ਅਰਾਧਕ ਦੀਆਂ ਦੋ ਮਹੱਤਵਪੂਰਣ ਵਿਸ਼ੇਸ਼ਤਾਵਾਂ ਕੀ ਹਨ?

- ਸੱਚਾ ਅਰਾਧਕ ਰੱਬੀ ਜੀਵਨ ਬਤੀਤ ਕਰਦਾ ਹੈ।
- ਸੱਚਾ ਅਰਾਧਕ ਸਮਾਜ ਨਾਲ ਸਹੀ ਸੰਬੰਧ ਵਿੱਚ ਰਹਿੰਦਾ ਹੈ।

**7.** ਯਿਸੂ ਨੇ ਫ਼ਰੀਸੀਆਂ ਨੂੰ ਕਪਟੀ ਕਿਉਂ ਕਿਹਾ?

- ਉਨ੍ਹਾਂ ਦੀ ਅਰਾਧਨਾ ਬਾਹਰੀ ਸੀ, ਦਿਲ ਤੋਂ ਨਹੀਂ ਸੀ।
- ਉਨ੍ਹਾਂ ਦੀ ਅਰਾਧਨਾ ਮਨੁੱਖੀ ਪਰੰਪਰਾ ਤੇ ਅਧਾਰਤ ਸੀ, ਨਾ ਕਿ ਪਰਮੇਸ਼ੁਰ ਦੇ ਹੁਕਮਾਂ ਤੇ।

**8.** ਪਰਕਾਸ਼ ਦੀ ਪੋਥੀ 5:9-14 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 3

## ਪੁਰਾਣੇ ਨੇਮ ਵਿੱਚ ਅਰਾਧਨਾ

1. ਇਸ ਪਾਠ ਵਿੱਚੋਂ, ਉਸ ਅਰਾਧਨਾ ਦੀਆਂ ਬਾਈਬਲ ਅਨੁਸਾਰ ਦੋ ਉਦਾਹਰਣਾਂ ਦੱਸੋ ਜੋ ਪਰਮੇਸ਼ੁਰ ਵੱਲੋਂ ਅਸਵੀਕਾਰ ਕੀਤੀ ਗਈ ਸੀ।

    - ਕਇਨ ਦੀ ਭੇਟ
    - ਹਾਰੂਨ ਦਾ ਸੋਨੇ ਦਾ ਬੱਛਾ
    - ਨਾਦਾਬ ਅਤੇ ਅਬੀਹੂ ਦੀ ਬਿਨਾਂ ਇਖ਼ਤਿਆਰ ਵਾਲੀ ਅੱਗ
    - ਉਜ਼ੀਯਾਹ ਦਾ ਧੂਪ ਦਾਨ
    - ਅਸੀਰੀ ਤੋਂ ਬਾਅਦ ਦੇ ਯਹੂਦੀਆਂ ਦੀਆਂ ਬੱਜ ਵਾਲੀਆਂ ਬਲੀਆਂ

2. *ਪਰਮੇਸ਼ੁਰ ਦੇ ਨਾਲ ਚੱਲਿਆ* ਸ਼ਬਦ ਦਰਸਾਉਂਦਾ ਹੈ ਕਿ ਅਰਾਧਨਾ ਵਿੱਚ ਪਰਮੇਸ਼ੁਰ ਦੇ ਨਾਲ __________ ਸ਼ਾਮਲ ਹੁੰਦਾ ਹੈ।

3. ਇਸ ਪਾਠ ਵਿੱਚੋਂ, ਤਿੰਨ ਅਯੋਗ ਲੋਕਾਂ ਦੇ ਨਾਮ ਦੱਸੋ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਕਿਰਪਾ ਨਾਲ ਉਸ ਦੀ ਅਰਾਧਨਾ ਕਰਨ ਦੇ ਯੋਗ ਬਣਾਇਆ।

    - ਆਦਮ ਅਤੇ ਹੱਵਾਹ
    - ਅਬਰਾਹਾਮ
    - ਯਾਕੂਬ

4. ਅਬਰਾਹਾਮ ਦਾ ਇਸਹਾਕ ਨੂੰ ਬਲੀ ਕਰਨਾ ਦਰਸਾਉਂਦਾ ਹੈ ਕਿ ਸੱਚੀ ਅਰਾਧਨਾ ਲਈ **ਆਗਿਆਕਾਰੀ** ਦੀ ਲੋੜ ਹੁੰਦੀ ਹੈ।

5. ਹਾਬਲ ਦੀ ਅਰਾਧਨਾ ਅਤੇ ਕਇਨ ਦੀ ਅਰਾਧਨਾ ਵਿੱਚ ਕੀ ਅੰਤਰ ਸੀ?

    - ਹਾਬਲ ਆਗਿਆਕਾਰੀ ਨਾਲ ਆਪਣਾ ਸਭ ਤੋਂ ਉੱਤਮ ਲਿਆਇਆ।
    - ਕਇਨ ਆਪਣੀ ਜ਼ਿੰਮੇਵਾਰੀ ਸਭ ਤੋਂ ਸੌਖੇ ਤਰੀਕੇ ਨਾਲ ਨਿਭਾਉਣਾ ਚਾਹੁੰਦਾ ਸੀ।

6. ਅਰਾਧਕ ਵੱਲੋਂ ਬਲੀ ਦਿੱਤੇ ਜਾਣ ਵਾਲੇ ਜਾਨਵਰ ਦੇ ਸਿਰ ਤੇ ਹੱਥ ਰੱਖਣ ਦੀ ਕੀ ਮਹੱਤਤਾ ਸੀ?

    ਇਹ ਅਰਾਧਕ ਨੂੰ ਬਲੀਦਾਨ ਕੀਤੇ ਜਾਣ ਵਾਲੇ ਜਾਨਵਰ ਦੀ ਮੌਤ ਨਾਲ ਜੋੜਦਾ ਸੀ।

7. ਜ਼ਬੂਰਾਂ ਦੀ ਪੋਥੀ ਵਿੱਚ, ਉਸਤਤ ਦੀਆਂ ਦੋ ਕਿਸਮਾਂ ਹਨ। ਪਰਮੇਸ਼ੁਰ ਦੇ ਚਰਿੱਤਰ ਅਤੇ ਸ਼ਕਤੀਸ਼ਾਲੀ ਕੰਮਾਂ ਦੀ ਉਸਤਤ ਨੂੰ **ਵਰਨਣਾਤਮਕ** ਉਸਤਤ ਕਿਹਾ ਜਾਂਦਾ ਹੈ। ਉਸਤਤ ਜੋ ਸਪਸ਼ਟ ਨਹੀਂ ਹੈ ਉਸ ਨੂੰ **ਘੋਸ਼ਣਾਤਮਕ** ਉਸਤਤ ਕਿਹਾ ਜਾਂਦਾ ਹੈ।

8. ਨਬੀਆਂ ਦੀਆਂ ਪੁਸਤਕਾਂ ਦੱਸਦੀਆਂ ਹਨ ਕਿ ਪਰਮੇਸ਼ੁਰ ਦੇ ਸੰਦੇਸ਼ ਦਾ **ਪਰਚਾਰ ਕਰਨਾ** ਅਰਾਧਨਾ ਹੈ।

**9.** ਅਰਾਧਨਾ ਬਾਰੇ ਨਬੀਆਂ ਦੇ ਸੰਦੇਸ਼ ਦੇ ਤਿੰਨ ਪਹਿਲੂ ਦੱਸੋ।

- ਅਸਲੀਅਤ ਤੋਂ ਰਹਿਤ ਰਸਮ ਅਰਾਧਨਾ ਨਹੀਂ ਹੈ।
- ਸੱਚੀ ਅਰਾਧਨਾ ਲਈ ਸਾਨੂੰ ਸਾਡਾ ਸਭ ਤੋਂ ਉੱਤਮ ਦੇਣ ਦੀ ਲੋੜ ਹੈ।
- ਸੱਚੀ ਅਰਾਧਨਾ ਵਿੱਚ ਸਾਰਾ ਜੀਵਨ ਸ਼ਾਮਲ ਹੁੰਦਾ ਹੈ।

**10.** ਅਰਾਧਨਾ ਵਿਚਲੇ ਦੋ ਖ਼ਤਰਨਾਕ ਅਸੰਤੁਲਨ ਦੱਸੋ।

- ਬਹੁਤ ਜ਼ਿਆਦਾ ਸਧਾਰਨ ਅਰਾਧਨਾ
- ਬਹੁਤ ਜ਼ਿਆਦਾ ਰਸਮੀ ਅਰਾਧਨਾ ਦਾ ਖ਼ਤਰਾ

**11.** ਮੀਕਾਹ 6:6-8 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 4

## ਨਵੇਂ ਨੇਮ ਵਿੱਚ ਅਰਾਧਨਾ

1. ਤਿੰਨ ਤਰੀਕੇ ਦੱਸੋ ਜਿਨ੍ਹਾਂ ਨਾਲ ਯਿਸੂ ਨੇ ਸੱਚੀ ਅਰਾਧਨਾ ਦਾ ਨਮੂਨਾ ਦਿੱਤਾ।

    - ਯਿਸੂ ਨੂੰ ਅਰਾਧਨਾ ਦਾ ਸਥਾਨ ਬਹੁਤ ਪਸੰਦ ਸੀ।
    - ਯਿਸੂ ਨੇ ਪਰਮੇਸ਼ੁਰ ਤੋਂ ਇਲਾਵਾ ਕਿਸੇ ਦੀ ਵੀ ਜਾਂ ਕਿਸੇ ਵੀ ਚੀਜ਼ ਦੀ ਅਰਾਧਨਾ ਕਰਨ ਤੋਂ ਇਨਕਾਰ ਕਰ ਦਿੱਤਾ।
    - ਯਿਸੂ ਨੇ ਬਾਰ-ਬਾਰ ਪ੍ਰਾਰਥਨਾ ਕੀਤੀ।
    - ਯਿਸੂ ਨੇ ਸੱਚੀ ਅਰਾਧਨਾ ਬਾਰੇ ਸਮਝਾਇਆ।
    - ਯਿਸੂ ਨੇ ਝੂਠੀ ਅਰਾਧਨਾ ਕਰਨ ਤੋਂ ਝਿੜਕਿਆ।

2. ਯਿਸੂ ਦੀ ਸਿੱਖਿਆ ਅਤੇ ਉਦਾਹਰਣ ਸਾਨੂੰ ਸੱਚੀ ਅਰਾਧਨਾ ਬਾਰੇ ਕੀ ਯਾਦ ਦਿਵਾਉਂਦੇ ਹਨ?

    ਸੱਚੀ ਅਰਾਧਨਾ ਸਿਰਫ਼ ਪਰਮੇਸ਼ੁਰ ਦੀ ਹੀ ਹੈ।

3. ਕਿਹੜੀਆਂ ਦੋ ਗੱਲਾਂ ਅਰਾਧਨਾ ਅਤੇ ਖੁਸ਼ਖ਼ਬਰੀ ਪਰਚਾਰ ਦੇ ਵਿਚਕਾਰ ਸੰਬੰਧ ਦਾ ਸੰਖੇਪ ਸਾਰ ਦਿੰਦੀਆਂ ਹਨ?

    - ਸੱਚੀ ਅਰਾਧਨਾ ਖੁਸ਼ਖ਼ਬਰੀ ਪਰਚਾਰ ਨੂੰ ਪ੍ਰੇਰਿਤ ਕਰਦੀ ਹੈ।
    - ਪ੍ਰਭਾਵਸ਼ਾਲੀ ਖੁਸ਼ਖ਼ਬਰੀ ਪਰਚਾਰ ਅਰਾਧਕ ਪੈਦਾ ਕਰਦਾ ਹੈ।

4. ਰਸੂਲਾਂ ਦੇ ਕਰਤੱਬ 17 ਵਿੱਚ ਅਥੇਨੀਆਂ ਦੀ ਝੂਠੀ ਅਰਾਧਨਾ ਦਾ ਵਰਣਨ ਕਿਵੇਂ ਕੀਤਾ ਗਿਆ ਹੈ?

    - ਅਥੇਨੀ ਲੋਕ ਬਹੁਤ ਧਾਰਮਿਕ ਸਨ
    - ਅਥੇਨੈ ਦੇ ਲੋਕ ਅਣਜਾਣਪੁਣੇ ਵਿੱਚ ਪੂਜਾ ਕਰਦੇ ਸਨ।
    - ਅਥੇਨੈ ਦੇ ਲੋਕ ਇੱਕ ਅਯੋਗ ਦੇਵਤੇ ਦੀ ਪੂਜਾ ਕਰਦੇ ਸਨ।

5. ਰਸੂਲਾਂ ਦੇ ਕਰਤੱਬ 17 ਵਿੱਚ ਸੱਚੇ ਪਰਮੇਸ਼ੁਰ ਦਾ ਵਰਣਨ ਕਿਵੇਂ ਕੀਤਾ ਗਿਆ ਹੈ?

    - ਪਰਮੇਸ਼ੁਰ ਸਿਰਜਣਹਾਰ ਹੈ।
    - ਪਰਮੇਸ਼ੁਰ ਨੇੜੇ ਹੈ।
    - ਪਰਮੇਸ਼ੁਰ ਉਨ੍ਹਾਂ ਦਾ ਨਿਆਉਂ ਕਰੇਗਾ ਜਿਹੜੇ ਤੋਬਾ ਕਰਨ ਤੋਂ ਇਨਕਾਰ ਕਰਦੇ ਹਨ।
    - ਪਰਮੇਸ਼ੁਰ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ।

6. ਪੱਤਰੀਆਂ ਵਿੱਚ ਮੁੱਢਲੀ ਮਸੀਹੀ ਅਰਾਧਨਾ ਦੇ ਪੰਜ ਤੱਤ ਦੱਸੋ।

    - ਬਚਨ ਪੜ੍ਹਨਾ
    - ਬਚਨ ਦਾ ਪਰਚਾਰ ਕਰਨਾ
    - ਜਨਤਕ ਪ੍ਰਾਰਥਨਾ
    - ਗਾਉਣਾ

- ਭੇਟਾਂ
- ਬਪਤਿਸਮਾ
- ਪ੍ਰਭੂ-ਭੋਜ

**7.** ਏਸ਼ੀਆ ਮਾਈਨਰ ਦੀਆਂ ਕਲੀਸੀਆਵਾਂ ਵਿੱਚ ਅਰਾਧਨਾ ਵਿੱਚ ਰੁਕਾਵਟਾਂ ਦੇ ਦੋ ਉਦਾਹਰਣ ਦੱਸੋ।

- ਪ੍ਰੇਮ ਦੀ ਘਾਟ
- ਝੂਠੀ ਸਿੱਖਿਆ
- ਮੁਰਦਾ ਕੰਮ
- ਉਤਸ਼ਾਹ ਦੀ ਘਾਟ

**8.** ਰੋਮੀਆਂ 12:1-2 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 5

## ਕਲੀਸੀਆ ਦੇ ਇਤਿਹਾਸ ਵਿੱਚ ਅਰਾਧਨਾ

1. ਜਸਟਿਨ ਮਾਰਟਿਅਰ ਦੁਆਰਾ ਵਰਣਨ ਕੀਤੇ ਗਏ ਦੂਜੀ ਸਦੀ ਦੀ ਅਰਾਧਨਾ ਦੇ ਤਿੰਨ ਤੱਤ ਦੱਸੋ।

    - ਬਚਨ ਪੜ੍ਹਨਾ
    - ਸੰਦੇਸ਼
    - ਪ੍ਰਾਰਥਨਾ
    - ਪ੍ਰਭੂ-ਭੋਜ
    - ਦਾਤਾਂ ਦਾ ਦਿੱਤਾ ਜਾਣਾ

2. ਮੱਧ ਯੁੱਗ ਦੌਰਾਨ ਦੀ ਅਰਾਧਨਾ ਦੀਆਂ ਤਿੰਨ ਕਮਜ਼ੋਰੀਆਂ ਦੱਸੋ।

    - ਸੁੰਦਰਤਾ ਆਤਮਿਕਤਾ ਨਾਲੋਂ ਵਧੇਰੇ ਮਹੱਤਵਪੂਰਣ ਸੀ।
    - ਲੋਕ ਬੰਦਗੀਆਂ ਨੂੰ ਸਮਝ ਨਹੀਂ ਸਕੇ।
    - ਲੋਕ ਵੇਖਣ ਵਾਲੇ ਸਨ, ਸਰਗਰਮ ਅਰਾਧਕ ਨਹੀਂ ਸਨ।
    - ਖੁਸ਼ਖ਼ਬਰੀ ਨੂੰ ਰੀਤ ਨਾਲ ਬਦਲ ਦਿੱਤਾ ਗਿਆ ਸੀ।

3. ਵਿਸ਼ਵਾਸੀਆਂ ਦੇ ਜਾਜਕਪੁਣੇ ਨਾਲ ਸੰਬੰਧਤ ਸੁਧਾਰ ਦੀਆਂ ਦੋ ਮੁੱਖ ਚਿੰਤਾਵਾਂ ਕੀ ਸਨ?

    - ਵਿਸ਼ਵਾਸੀ ਸਿੱਧਾ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਨ।
    - ਪਰਮੇਸ਼ੁਰ ਦਾ ਬਚਨ ਹਰੇਕ ਵਿਸ਼ਵਾਸੀ ਲਈ ਉਪਲਬਧ ਹੋਣਾ ਚਾਹੀਦਾ ਹੈ।

4. ਸੁਧਾਰ ਵਿਚਲੇ ਉਸ ਸਮੂਹ (ਸਮੂਹਾਂ) ਦੀ ਪਛਾਣ ਕਰੋ ਜੋ ਹਰੇਕ ਵਰਣਨ ਨਾਲ ਸਭ ਤੋਂ ਵਧੀਆ ਮੇਲ ਖਾਂਦਾ ਹੈ

    - ਅਰਾਧਨਾ ਦੇ ਕਿਸੇ ਵੀ ਤੌਰ-ਤਰੀਕਿਆਂ ਦੀ ਇਜਾਜ਼ਤ ਦਿੱਤੀ ਜਿਸ ਦੀ ਬਚਨ ਵਿੱਚ ਮਨਾਹੀ ਨਹੀਂ ਹੈ: **ਲੂਥਰਨ ਅਤੇ ਐਂਗਲੀਕਨ**
    - ਅਰਾਧਨਾ ਦੇ ਉਨ੍ਹਾਂ ਤੌਰ-ਤਰੀਕਿਆਂ ਦੀ ਇਜਾਜ਼ਤ ਨਹੀਂ ਦਿੱਤੀ ਜਿਨ੍ਹਾਂ ਬਾਰੇ ਬਚਨ ਵਿੱਚ ਚਰਚਾ ਨਹੀਂ ਕੀਤੀ ਗਈ ਹੈ: **ਕੈਲਵਿਨਿਸਟ**
    - ਜ਼ਿਆਦਾਤਰ ਰਸਮ ਨੂੰ ਰੱਦ ਕੀਤਾ। ਕਈ ਵਾਰ ਨਿੱਜੀ ਘਰਾਂ ਵਿੱਚ ਅਰਾਧਨਾ ਕੀਤੀ: **ਐਨਾਬੈਪਟਿਸਟ ਅਤੇ ਪਿਉਰਿਟਨ**

5. ਅਜ਼ਾਦ ਕਲੀਸੀਆ ਦੀ ਅਰਾਧਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ।

    - ਪਰਚਾਰ ਕਰਨਾ ਪ੍ਰਮੁੱਖ ਸੀ।
    - ਕਲੀਸੀਆ ਦੀ ਸ਼ਮੂਲੀਅਤ ਜ਼ਰੂਰੀ ਸੀ।
    - ਸਾਰੀ ਅਰਾਧਨਾ ਲੋਕਾਂ ਦੀ ਆਪਣੀ ਭਾਸ਼ਾ ਵਿੱਚ ਹੁੰਦੀ ਸੀ।

**6.** ਸ਼ੁਰੂਆਤੀ ਮੈਥੋਡਿਸਟ ਅਰਾਧਨਾ ਵਿੱਚ ਤਿੰਨ ਜ਼ੋਰ ਦਿੱਤੀਆਂ ਗਈਆਂ ਗੱਲਾਂ ਦੀ ਸੂਚੀ ਬਣਾਓ।

- ਪਰਚਾਰ
- ਬਾਰ-ਬਾਰ ਪ੍ਰਭੂ-ਭੋਜ
- ਭਜਨ ਗਾਉਣਾ
- ਛੋਟੇ ਸਮੂਹ
- ਸਮੂਹਿਕ ਅਰਾਧਨਾ
- ਖੁਸ਼ਖ਼ਬਰੀ ਪਰਚਾਰ

**7.** ਸ਼ੁਰੂਆਤੀ ਅਮਰੀਕਾ ਵਿੱਚ ਅਰਾਧਨਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ।

- ਮਸੀਹੀ ਸੰਪਰਦਾਵਾਂ ਤੋਂ ਅਤੇ ਅਰਾਧਨਾ ਦੇ ਰਸਮੀ ਤੌਰ-ਤਰੀਕਿਆਂ ਤੋਂ ਅਜ਼ਾਦੀ।
- ਪ੍ਰਭੂ-ਭੋਜ ਲਈ ਦੁਰਲੱਭ ਮੌਕੇ।
- ਬਚਨ ਦਾ ਪਰਚਾਰ।
- ਜੋਸ਼ ਨਾਲ ਗਾਉਣਾ।
- ਪ੍ਰਾਰਥਨਾ, ਖੁਸ਼ਖ਼ਬਰੀ ਪਰਚਾਰ ਅਤੇ ਬੇਦਾਰੀ।

**8.** ਜ਼ਬੂਰ 100:1-5 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 6

## ਅਰਾਧਨਾ ਵਿੱਚ ਸੰਗੀਤ

**1.** ਬਾਈਬਲ ਵਿੱਚੋਂ ਤਿੰਨ ਗੀਤ ਦੱਸੋ।

(ਕੋਈ ਵੀ ਗੀਤ ਜਿਨ੍ਹਾਂ ਦਾ ਇਸ ਪਾਠ ਵਿੱਚ ਜ਼ਿਕਰ ਕੀਤਾ ਗਿਆ ਹੈ)

**2.** ਕਿਸ ਧਾਰਣਾ ਕਰਕੇ ਲਾਉਦਿਕੀਏ ਦੀ ਸਭਾ ਨੇ ਕਲੀਸੀਆ ਦੇ ਗਾਉਣ ਤੇ ਰੋਕ ਲਾਈ?

ਇਹ ਧਾਰਣਾ ਕਿ ਵਿਅਕਤੀਗਤ ਵਿਸ਼ਵਾਸੀਆਂ ਕੋਲ ਬਚਨਾਂ ਦੀ ਵਿਆਖਿਆ ਕਰਨ ਦੀ ਸਮਰੱਥਾ ਜਾਂ ਵਿਸ਼ੇਸ਼ ਅਧਿਕਾਰ ਨਹੀਂ ਹੈ।

**3.** ਧਰਮ-ਗਿਆਨ ਨਾਲ ਸੰਬੰਧਤ ਦੋ ਸਿਧਾਂਤ ਦੱਸੋ ਜੋ ਸਾਡੇ ਅਰਾਧਨਾ-ਸੰਗੀਤ ਵਿੱਚ ਪ੍ਰਦਰਸ਼ਿਤ ਹੋਣੇ ਚਾਹੀਦੇ ਹਨ।

- ਵਿਸ਼ਵਾਸੀ ਦੇ ਜਾਜਕਪੁਣੇ
- ਕਲੀਸੀਆ ਦੀ ਏਕਤਾ

**4.** ਅਰਾਧਨਾ ਵਿੱਚ ਸੰਗੀਤ ਦੇ ਚਾਰ ਵਿਹਾਰਕ ਕਾਰਣ ਦੱਸੋ।

- ਸੰਗੀਤ ਮਨ ਨਾਲ ਗੱਲ ਕਰਦਾ ਹੈ।
- ਸੰਗੀਤ ਦਿਲ ਨਾਲ ਗੱਲ ਕਰਦਾ ਹੈ।
- ਸੰਗੀਤ ਸਰੀਰ ਨਾਲ ਗੱਲ ਕਰਦਾ ਹੈ।
- ਸੰਗੀਤ ਇੱਛਾ ਨਾਲ ਗੱਲ ਕਰਦਾ ਹੈ।

**5.** ਚਾਰ ਸਿਧਾਂਤ ਦੱਸੋ ਜਿਨ੍ਹਾਂ ਦੇ ਅਧਾਰ ਤੇ ਸਾਨੂੰ ਅਰਾਧਨਾ ਲਈ ਸੰਗੀਤ ਦੀ ਚੋਣ ਕਰਨੀ ਚਾਹੀਦੀ ਹੈ।

- ਅਰਾਧਨਾ-ਸੰਗੀਤ ਦੀ ਵਿਸ਼ਾ-ਵਸਤੂ ਨੂੰ ਸਪੱਸ਼ਟ ਤੌਰ ਤੇ ਸਚਿਆਈ ਦਾ ਸੰਚਾਰ ਕਰਨਾ ਚਾਹੀਦਾ ਹੈ।
- ਅਰਾਧਨਾ-ਸੰਗੀਤ ਦੀਆਂ ਸ਼ੈਲੀਆਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ।
- ਹਰ ਸ਼ੈਲੀ ਹਰ ਸਥਿਤੀ ਲਈ ਢੁਕਵੀਂ ਨਹੀਂ ਹੁੰਦੀ।
- ਸਾਡੇ ਅਰਾਧਨਾ ਸੰਗੀਤ ਵਿੱਚ ਸੰਤੁਲਨ ਹੋਣਾ ਚਾਹੀਦਾ ਹੈ।
- ਕਲੀਸੀਆ ਦਾ ਸਭ ਤੋਂ ਮਹੱਤਵਪੂਰਣ ਸੰਗੀਤ ਕਲੀਸੀਆ ਦਾ ਗਾਉਣਾ ਹੈ।
- ਸੰਗੀਤ ਨੂੰ ਵਿਸ਼ਾ-ਵਸਤੂ ਦੀ ਸਹਾਇਤਾ ਕਰਨੀ ਚਾਹੀਦੀ ਹੈ।

**6.** ਕੁਲੁੱਸੀਆਂ 3:16 ਵਿੱਚ ਪੌਲੁਸ ਦੁਆਰਾ ਕਿਹੜੇ ਤਿੰਨ ਕਿਸਮ ਦੇ ਗੀਤਾਂ ਦੀ ਸੂਚੀ ਦਿੱਤੀ ਗਈ ਹੈ?

- ਜ਼ਬੂਰਾਂ
- ਭਜਨਾਂ
- ਆਤਮਕ ਗੀਤਾਂ

**7.** ਸਾਡੇ ਅਰਾਧਨਾ-ਸੰਗੀਤ ਦਾ ਮੂਲ ਇਮਤਿਹਾਨ ਕੀ ਹੈ?

ਪਰਮੇਸ਼ੁਰ ਦੀ ਵਡਿਆਈ

**8.** ਬਾਈਬਲ ਦੇ ਗੀਤਾਂ ਦੇ ਅਧਾਰ ਤੇ, ਤਿੰਨ ਤਰੀਕੇ ਦੱਸੋ ਜਿਨ੍ਹਾਂ ਨਾਲ ਸੰਗੀਤ ਨੂੰ ਵੱਖੋ-ਵੱਖਰੇ ਸਰੋਤਿਆਂ ਨਾਲ ਗੱਲ ਕਰਨੀ ਚਾਹੀਦੀ ਹੈ।

- ਸੰਗੀਤ ਨੂੰ ਪਰਮੇਸ਼ੁਰ ਦੀ ਉਸਤਤ ਦਾ ਪਰਚਾਰ ਕਰਨਾ ਚਾਹੀਦਾ ਹੈ।
- ਸੰਗੀਤ ਨੂੰ ਕਲੀਸੀਆ ਅੱਗੇ ਸਚਿਆਈ ਦਾ ਪਰਚਾਰ ਕਰਨਾ ਚਾਹੀਦਾ ਹੈ।
- ਸੰਗੀਤ ਨੂੰ ਸੰਸਾਰ ਅੱਗੇ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਚਾਹੀਦਾ ਹੈ।

**9.** ਕੁਲੁੱਸੀਆਂ 3:16 ਅਰਾਧਨਾ-ਸੰਗੀਤ ਦੇ ਉਦੇਸ਼ ਬਾਰੇ ਕੀ ਸਿਖਾਉਂਦੀ ਹੈ?

ਸਾਨੂੰ ਆਪਣੇ ਸੰਗੀਤ ਨਾਲ ਇੱਕ ਦੂਜੇ ਨੂੰ ਉਪਦੇਸ਼ ਦੇਣਾ ਅਤੇ ਚਿਤਾਰਨਾ ਚਾਹੀਦਾ ਹੈ।

**10.** ਕੁਲੁੱਸੀਆਂ 3:15-17 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 7

## ਅਰਾਧਨਾ ਵਿੱਚ ਬਚਨ ਅਤੇ ਪ੍ਰਾਰਥਨਾ

**1.** ਅਰਾਧਨਾ ਵਿੱਚ ਬਚਨ ਦੀ ਮਹੱਤਤਾ ਨੂੰ ਦਰਸਾਉਣ ਵਾਲੀਆਂ ਤਿੰਨ ਉਦਾਹਰਣਾਂ ਦੱਸੋ।

- ਬਾਈਬਲ ਅਨੁਸਾਰ ਅਰਾਧਨਾ ਵਿੱਚ ਬਚਨ ਨੂੰ ਪੜ੍ਹਨਾ ਜ਼ਰੂਰੀ ਸੀ।
- ਬਾਈਬਲ ਅਨੁਸਾਰ ਅਰਾਧਨਾ ਵਿੱਚ ਬਚਨ ਨੂੰ ਪੜ੍ਹਨਾ ਜ਼ਰੂਰੀ ਸੀ।
- ਕਲੀਸੀਆ ਦੇ ਇਤਿਹਾਸ ਵਿੱਚ ਬਚਨ ਦਾ ਪਰਚਾਰ ਕਰਨਾ ਜ਼ਰੂਰੀ ਸੀ।

**2.** ਅਰਾਧਨਾ ਬੰਦਗੀ ਦੇ ਤਿੰਨ ਹਿੱਸਿਆਂ ਦੇ ਨਾਮ ਦੱਸੋ ਜਿਨ੍ਹਾਂ ਵਿੱਚ ਬਚਨ ਦੀ ਵਰਤੋਂ ਕੀਤੀ ਜਾ ਸਕਦੀ ਹੈ।

- ਬੰਦਗੀ ਦੇ ਸ਼ੁਰੂਆਤੀ ਸ਼ਬਦ
- ਭੇਟ ਦੇ ਲਈ ਸੱਦਾ
- ਸੰਗੀਤ ਦੇ ਸ਼ਬਦ
- ਪ੍ਰਾਰਥਨਾ

**3.** *ਪਰਚਾਰ ਅਰਾਧਨਾ ਹੈ, ਇਸ ਸਿਧਾਂਤ ਦੇ* ਚਾਰ ਵਿਹਾਰਕ ਪ੍ਰਭਾਵ ਦੱਸੋ।

- ਪਰਚਾਰ ਸਾਵਧਾਨੀ ਨਾਲ ਤਿਆਰੀ ਕਰਨ ਦੀ ਮੰਗ ਕਰਦਾ ਹੈ।
- ਪਰਚਾਰ ਕਲੀਸੀਆ ਵੱਲੋਂ ਜਵਾਬ ਦੀ ਮੰਗ ਕਰਦਾ ਹੈ।
- ਪਰਚਾਰ ਪਰਚਾਰਕ ਵੱਲੋਂ ਜਵਾਬ ਦੀ ਮੰਗ ਕਰਦਾ ਹੈ।
- ਪਰਚਾਰਕ ਨੂੰ ਪਵਿੱਤਰ ਆਤਮਾ ਵੱਲੋਂ ਸ਼ਕਤੀ ਪ੍ਰਾਪਤ ਹੋਣੀ ਚਾਹੀਦੀ ਹੈ।

**4.** ਪ੍ਰਾਰਥਨਾ ਨੂੰ ਜਨਤਕ ਅਰਾਧਨਾ ਦਾ ਸਾਰਥਕ ਹਿੱਸਾ ਬਣਾਉਣ ਲਈ ਤਿੰਨ ਵਿਹਾਰਕ ਸੁਝਾਵ ਦੱਸੋ।

- ਆਪਣੇ ਨਿੱਜੀ ਪ੍ਰਾਰਥਨਾ ਜੀਵਨ ਨੂੰ ਵਿਕਸਿਤ ਕਰੋ।
- ਪ੍ਰਾਰਥਨਾ ਕਰਨੀ ਸਿੱਖੋ।
- ਬਚਨ ਦੇ ਸ਼ਬਦਾਂ ਨਾਲ ਪ੍ਰਾਰਥਨਾ ਕਰੋ।
- ਪਰਮੇਸ਼ੁਰ ਨਾਲ ਸੰਗਤੀ ਕਰਨ ਤੇ ਧਿਆਨ ਕੇਂਦਰਿਤ ਕਰੋ।
- ਆਪਣੀਆਂ ਤਰਜੀਹਾਂ ਨੂੰ ਪਰਮੇਸ਼ੁਰ ਦੀਆਂ ਤਰਜੀਹਾਂ ਦੇ ਨਾਲ ਇਕਸਾਰ ਕਰੋ।
- ਕਲੀਸੀਆ ਨਾਲ ਨਹੀਂ, ਪਰਮੇਸ਼ੁਰ ਨਾਲ ਗੱਲ ਕਰੋ।

**5.** ਅਰਾਧਨਾਪੂਰਨ ਦਾਨ ਦੇਣ ਦੇ ਚਾਰ ਧਰਮ-ਗਿਆਨ ਸੰਬੰਧੀ ਸਿਧਾਂਤ ਦੱਸੋ।

- ਅਰਾਧਨਾਪੂਰਨ ਦਾਨ ਦੇਣਾ ਕਿਰਪਾ ਦੁਆਰਾ ਪ੍ਰੇਰਿਤ ਹੁੰਦਾ ਹੈ, ਡਰ ਦੁਆਰਾ ਨਹੀਂ।
- ਅਰਾਧਨਾਪੂਰਨ ਦਾਨ ਦੇਣਾ ਪਿਆਰ ਤੋਂ ਪ੍ਰੇਰਿਤ ਹੁੰਦਾ ਹੈ, ਫਲ ਤੋਂ ਨਹੀਂ।
- ਅਰਾਧਨਾਪੂਰਨ ਦਾਨ ਦੇਣਾ ਖੁੱਲ੍ਹਦਿਲੀ ਨਾਲ ਦੇਣਾ ਹੈ, ਕੰਜੂਸੀ ਨਾਲ ਨਹੀਂ।
- ਅਰਾਧਨਾਪੂਰਨ ਦਾਨ ਦੇਣਾ ਅਧੀਨਗੀ ਤੋਂ ਪ੍ਰੇਰਿਤ ਹੁੰਦਾ ਹੈ, ਹੰਕਾਰ ਤੋਂ ਨਹੀਂ।

**6.** ਦਾਨ ਦੇਣ ਨੂੰ ਅਰਾਧਨਾ ਦਾ ਕਾਰਜ ਬਣਾਉਣ ਦੇ ਲਈ ਚਾਰ ਵਿਹਾਰਕ ਵਿਚਾਰ ਦੱਸੋ।

- ਭੇਟ ਦੇਣ ਵਿੱਚ ਜ਼ੋਰ ਅਰਾਧਨਾ ਤੇ ਹੋਣਾ ਚਾਹੀਦਾ ਹੈ, ਜ਼ਰੂਰਤਾਂ ਤੇ ਨਹੀਂ।
- ਭੇਟ ਅਰਾਧਨਾ ਬੰਦਗੀ ਦਾ ਹੀ ਹਿੱਸਾ ਹੋਣੀ ਚਾਹੀਦੀ ਹੈ।
- ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਅਰਾਧਨਾ ਵਿੱਚ ਦਾਨ ਦੇਣ ਦੇ ਕਾਰਜ ਤੋਂ ਜਾਣੂ ਕਰਾਉਣ।
- ਭੇਟ ਲੈਣ ਦੌਰਾਨ ਸੰਗੀਤ ਅਰਾਧਨਾ ਵਾਲਾ ਹੋਣਾ ਚਾਹੀਦਾ ਹੈ।
- ਭੇਟ ਦੇ ਬਾਅਦ ਸਮਰਪਣ ਦੀ ਪ੍ਰਾਰਥਨਾ ਹੋਣੀ ਚਾਹੀਦੀ ਹੈ।
- ਕਲੀਸੀਆ ਦੇ ਆਗੂ ਲੋਕਾਂ ਦੇ ਨਜ਼ਰਾਨਿਆਂ ਦੇ ਚੰਗੇ ਮੁਖ਼ਤਿਆਰ ਹੋਣੇ ਚਾਹੀਦੇ ਹਨ।

**7.** 1 ਕੁਰਿੰਥੀਆਂ ਵਿੱਚ ਪ੍ਰਭੂ-ਭੋਜ ਦੇ ਦੋ ਮਾਨਤਾ ਦਿੱਤੇ ਗਏ ਪਹਿਲੂ ਦੱਸੋ।

- ਅਸੀਂ ਪਿੱਛੇ ਮੁੜ ਕੇ ਮਸੀਹ ਦੀ ਮੌਤ ਵੱਲ ਵੇਖਦੇ ਹਾਂ।
- ਅਸੀਂ ਮਸੀਹ ਦੇ ਦੁਬਾਰਾ ਆਉਣ ਦੀ ਉਡੀਕ ਕਰਦੇ ਹਾਂ।

**8.** ਮੱਤੀ 6:5-8 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 8

## ਯੋਜਨਾ ਅਤੇ ਅਰਾਧਨਾ ਵਿੱਚ ਅਗਵਾਈ

**1.** ਸੰਦੇਸ਼ ਤੇ ਕੇਂਦਰਿਤ ਇੱਕ ਅਰਾਧਨਾ ਢਾਂਚੇ ਵਿੱਚ ਦੋ ਮੁੱਖ ਭਾਗਾਂ ਦੀ ਸੂਚੀ ਬਣਾਓ।

- ਸਚਿਆਈ ਦਾ ਪਰਚਾਰ: ਭਜਨ, ਬਚਨ, ਸੰਦੇਸ਼
- ਸਚਿਆਈ ਪ੍ਰਤੀ ਜਵਾਬ: ਸੱਦਾ, ਭੇਟ, ਸਮਾਪਤੀ ਗੀਤ

**2.** ਅਰਾਧਨਾ ਵਿੱਚ ਪਰਮੇਸ਼ੁਰ ਦੇ ਲੋਕਾਂ ਦੀ ਗਤੀਵਿਧੀ ਦੇ ਆਧਾਰ ਤੇ ਇੱਕ ਅਰਾਧਨਾ ਢਾਂਚੇ ਵਿੱਚ ਸ਼ਾਮਲ ਚਾਰ ਮੁੱਖ ਭਾਗਾਂ ਦੀ ਸੂਚੀ ਬਣਾਓ।

- ਪਰਮੇਸ਼ੁਰ ਦੇ ਲੋਕ ਇਕੱਠੇ ਹੁੰਦੇ ਹਨ: ਅਰਾਧਨਾ ਕਰਨ, ਉਸਤਤ ਦੇ ਭਜਨਾਂ, ਪ੍ਰਾਰਥਨਾ ਲਈ ਸੱਦਾ
- ਪਰਮੇਸ਼ੁਰ ਦੇ ਲੋਕ ਬਚਨ ਸੁਣਦੇ ਹਨ: ਬਚਨ ਪੜ੍ਹਨਾ ਅਤੇ ਸੰਦੇਸ਼
- ਪਰਮੇਸ਼ੁਰ ਦੇ ਲੋਕ ਬਚਨ ਦਾ ਪ੍ਰਤੀਉੱਤਰ ਦਿੰਦੇ ਹਨ: ਸੱਦੇ ਦਾ ਗੀਤ, ਭੇਟ
- ਪਰਮੇਸ਼ੁਰ ਦੇ ਲੋਕਾਂ ਨੂੰ ਘੱਲਿਆ ਜਾਂਦਾ ਹੈ: ਸਮਾਪਤੀ ਗੀਤ, ਬਰਕਤ ਦਾ ਕਲਮਾ

**3.** ਜ਼ਬੂਰ 95 ਦੇ ਆਧਾਰ ਤੇ ਅਰਾਧਨਾ ਢਾਂਚੇ ਦੇ ਤਿੰਨ ਮੁੱਖ ਭਾਗਾਂ ਦੀ ਸੂਚੀ ਬਣਾਓ।

- ਖੁਸ਼ੀ ਨਾਲ ਧੰਨਵਾਦ ਕਰਦੇ ਹੋਏ ਪ੍ਰਵੇਸ਼ ਕਰੋ: ਅਰਾਧਨਾ ਲਈ ਸੱਦਾ, ਉਸਤਤ ਦੇ ਭਜਨ
- ਆਦਰਪੂਰਨ ਅਰਾਧਨਾ ਦੇ ਨਾਲ ਜਾਰੀ ਰੱਖੋ: ਸਮਰਪਣ ਦੇ ਭਜਨ, ਪ੍ਰਾਰਥਨਾ
- ਪਰਮੇਸ਼ੁਰ ਦੀ ਅਵਾਜ਼ ਸੁਣੋ: ਬਚਨ ਅਤੇ ਸੰਦੇਸ਼

**4.** ਸੰਤੁਲਿਤ ਅਰਾਧਨਾ ਬਾਰੇ ਸਾਨੂੰ ਕਿਹੜੀਆਂ ਤਿੰਨ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ?

- ਸੰਤੁਲਿਤ ਅਰਾਧਨਾ ਪਰਮੇਸ਼ੁਰ ਦੀ ਵਡਿਆਈ ਅਤੇ ਸਾਡੇ ਨਾਲ ਪਰਮੇਸ਼ੁਰ ਦੀ ਹਜ਼ੂਰੀ ਦੋਵਾਂ ਨੂੰ ਦਰਸਾਉਂਦੀ ਹੈ।
- ਸੰਤੁਲਿਤ ਅਰਾਧਨਾ ਸਮੂਹਿਕ ਅਤੇ ਵਿਅਕਤੀਗਤ ਦੋਵੇਂ ਤਰ੍ਹਾਂ ਦੀ ਹੁੰਦੀ ਹੈ।
- ਸੰਤੁਲਿਤ ਅਰਾਧਨਾ ਵਿੱਚ ਪਰੀਚਿਤ ਅਤੇ ਨਵੀਆਂ, ਦੋਵੇਂ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ।

**5.** ਅਰਾਧਨਾ ਦੇ ਬਾਈਬਲ ਦੇ ਨਮੂਨੇ ਵਿੱਚ, ਸਾਡੀ ਅਰਾਧਨਾ ਦੇ ਲਈ ਦਰਸ਼ਕ ਕੌਣ ਹੈ?

ਪਰਮੇਸ਼ੁਰ

**6.** ਇੱਕ ਪ੍ਰਭਾਵਸ਼ਾਲੀ ਅਰਾਧਨਾ ਆਗੂ ਦੇ ਤਿੰਨ ਗੁਣਾਂ ਦੀ ਸੂਚੀ ਬਣਾਓ।

- ਆਤਮਿਕ ਸਮਝ।
- ਸੰਵੇਦਨਸ਼ੀਲਤਾ।
- ਸਹਿਯੋਗ।
- ਗਿਆਨ।
- ਬੁੱਧ।
- ਧੀਰਜ।
- ਨਿਮਰਤਾ।

- ਰਚਨਾਤਮਕਤਾ।
- ਅਨੁਸ਼ਾਸਨ।
- ਉੱਤਮਤਾ।

**7.** ਕਿਹੜੇ ਤਿੰਨ ਚਿੰਨ੍ਹ ਹਨ ਜੋ ਦੱਸਦੇ ਹਨ ਕਿ ਅਸੀਂ ਅਰਾਧਨਾ ਵਿੱਚ ਚਾਲਬਾਜ਼ੀ ਕਰ ਰਹੇ ਹੋ ਸਕਦੇ ਹਾਂ?

- ਜਦੋਂ ਅਸੀਂ ਭਾਵਨਾ ਨੂੰ ਅਰਾਧਨਾ ਨਾਲ ਉਲਝਾ ਦਿੰਦੇ ਹਾਂ
- ਜਦੋਂ ਅਸੀਂ ਇਹ ਸਮਝਦੇ ਹਾਂ ਕਿ ਦਿਲ ਦੇ ਬਦਲਣ ਲਈ ਭਾਵਨਾ ਦੇ ਉਬਾਲ ਦੀ ਸਥਿਤੀ ਦੀ ਲੋੜ ਹੁੰਦੀ ਹੈ
- ਜਦੋਂ ਅਸੀਂ ਕਿਸੇ ਵਿਸ਼ੇਸ਼ ਸਰੀਰਕ ਕਿਰਿਆ ਦੀ ਤੁਲਨਾ ਅਰਾਧਨਾ ਨਾਲ ਕਰਦੇ ਹਾਂ
- ਜਦੋਂ ਅਸੀਂ ਕਿਸੇ ਹੋਰ ਸਮੇਂ ਜਾਂ ਸਥਾਨ ਤੇ ਪਰਮੇਸ਼ੁਰ ਦੁਆਰਾ ਕੀਤੇ ਗਏ ਕੰਮਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਾਂ
- ਜਦੋਂ ਅਸੀਂ ਆਪਣੀ ਸੇਵਕਾਈ ਨੂੰ ਲੋਕਾਂ ਵੱਲੋਂ ਪ੍ਰਤੀਕਿਰਿਆ ਪ੍ਰਾਪਤ ਕਰਨ ਦੀ ਸਾਡੀ ਯੋਗਤਾ ਨਾਲ ਮਾਪਦੇ ਹਾਂ

**8.** 2 ਇਤਹਾਸ 5:13-14 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 9

## ਹੋਰ ਕਈ ਸਵਾਲ

**1.** ਸਾਨੂੰ ਅਰਾਧਨਾ ਦੇ ਉਨ੍ਹਾਂ ਤੌਰ-ਤਰੀਕਿਆਂ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ ਜੋ ਸਾਡੀਆਂ ਸੱਭਿਆਚਾਰਕ ਪਸੰਦਾਂ ਨੂੰ ਠੇਸ ਪਹੁੰਚਾਉਂਦੇ ਹਨ ਪਰ ਬਾਈਬਲ ਦੇ ਸਿਧਾਂਤਾਂ ਦਾ ਖੰਡਨ ਨਹੀਂ ਕਰਦੇ?

ਸਾਨੂੰ ਦੂਜਿਆਂ ਨੂੰ ਉਸੇ ਤਰੀਕੇ ਨਾਲ ਅਰਾਧਨਾ ਕਰਨ ਦੇਣੀ ਚਾਹੀਦੀ ਹੈ ਜਿਸ ਤਰ੍ਹਾਂ ਉਹ ਅਰਾਧਨਾ ਕਰਨਾ ਪਸੰਦ ਕਰਦੇ ਹਨ।

**2.** ਸਾਨੂੰ ਅਰਾਧਨਾ ਦੇ ਉਨ੍ਹਾਂ ਤੌਰ-ਤਰੀਕਿਆਂ ਦਾ ਕੀ ਪ੍ਰਤੀਉੱਤਰ ਦੇਣਾ ਚਾਹੀਦਾ ਹੈ ਜੋ ਸਾਡੇ ਸੱਭਿਆਚਾਰ ਵਿੱਚ ਸਵੀਕਾਰ ਕੀਤੇ ਜਾਂਦੇ ਹਨ, ਪਰ ਬਚਨ ਦਾ ਖੰਡਨ ਕਰਦੇ ਹਨ?

ਸਾਨੂੰ ਆਪਣੇ ਸੱਭਿਆਚਾਰ ਦੀਆਂ ਉਮੀਦਾਂ ਦੀ ਬਜਾਇ ਬਚਨ ਦੀ ਪਾਲਣਾ ਕਰਨੀ ਚਾਹੀਦੀ ਹੈ।

**3.** ਸਾਡੀ ਕਲੀਸੀਆ ਦੀ ਅਰਾਧਨਾ ਅਤੇ ਆਲੇ-ਦੁਆਲੇ ਦੇ ਸੱਭਿਆਚਾਰ ਦੇ ਵਿਚਾਲੇ ਸੰਬੰਧ ਨੂੰ ਸਮਝਣ ਲਈ ਸਾਨੂੰ ਕਿਹੜੇ ਤਿੰਨ ਸਵਾਲ ਪੁੱਛਣੇ ਚਾਹੀਦੇ ਹਨ?

- ਇੱਥੇ ਕੌਣ ਹੈ?
- ਇੱਥੇ ਕੌਣ ਸੀ?
- ਇੱਥੇ ਕੌਣ ਹੋਣਾ ਚਾਹੀਦਾ ਹੈ?

**4.** ਰੋਮੀਆਂ 14 ਅਧਿਆਇ ਵਿੱਚੋਂ, ਅਰਾਧਨਾ ਨਾਲ ਸੰਬੰਧਤ ਤਿੰਨ ਸਿਧਾਂਤਾਂ ਦੀ ਸੂਚੀ ਬਣਾਓ।

- ਇਤਰਾਜ਼ਯੋਗ ਗੱਲਾਂ ਬਾਰੇ ਦੂਜਿਆਂ ਦਾ ਨਿਆਂ ਨਾ ਕਰੋ।
- ਕਮਜ਼ੋਰ ਨੂੰ ਠੋਕਰ ਨਾ ਖੁਆਓ।
- ਭਰਮ ਨਾਲ ਨਹੀਂ, ਨਿਹਚਾ ਨਾਲ ਕਾਰਜ ਕਰੋ।

**5.** ਅੰਤਰ-ਪੀੜ੍ਹੀ ਅਰਾਧਨਾ ਲਈ ਤਿੰਨ ਵਿਚਾਰਾਂ ਦੀ ਸੂਚੀ ਬਣਾਓ।

- ਬਚਨ ਵਿੱਚ, ਅਰਾਧਨਾ ਵਿੱਚ ਸਭ ਪੀੜ੍ਹੀਆਂ ਸ਼ਾਮਲ ਸਨ, ਅਰਥਾਤ ਇਹ ਅੰਤਰ-ਪੀੜ੍ਹੀ ਸੀ।
- ਅੰਤਰ-ਪੀੜ੍ਹੀ ਅਰਾਧਨਾ ਮਸੀਹ ਦੀ ਦੇਹ ਨੂੰ ਇਕਜੁਟ ਕਰਦੀ ਹੈ।
- ਅੰਤਰ-ਪੀੜ੍ਹੀ ਅਰਾਧਨਾ ਦੁਆਰਾ, ਨਿਹਚਾ ਅਗਲੀ ਪੀੜ੍ਹੀ ਤੱਕ ਪਹੁੰਚਾਈ ਜਾਂਦੀ ਹੈ।

**6.** ਅਰਾਧਨਾ ਵਿੱਚ ਜਜ਼ਬਾਤ ਨਾਲ ਸੰਬੰਧਤ ਦੋ ਗਲਤੀਆਂ ਦੱਸੋ।

- ਨੂੰ ਨਕਾਰਨ ਦੀ ਗਲਤੀ।
- ਉੱਤੇ ਜ਼ਿਆਦਾ ਜ਼ੋਰ ਦੇਣ ਦੀ ਗਲਤੀ।

**7.** 1 ਕੁਰਿੰਥੀਆਂ 14:15-17 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)

# ਪਾਠ 10

## ਅਰਾਧਨਾ ਦੀ ਜੀਵਨ-ਸ਼ੈਲੀ

**1.** 1 ਕੁਰਿੰਥੀਆਂ 10:31 ਮੂੰਹ ਜ਼ਬਾਨੀ ਲਿਖੋ।

(ਯਾਦ ਕੀਤੀ ਗਈ ਆਇਤ ਨੂੰ ਬਾਈਬਲ ਨਾਲ ਮਿਲਾ ਕੇ ਚੈੱਕ ਕਰੋ।)